# WARYAM MAST DE NATAK ‘RISHTEY’ VICHLE VISEYAN DA AALOCHNATMK AADHIYAN
# ਵਰਿਆਮ ਮਸਤ ਦੇ ਨਾਟਕ ‘ਰਿਸ਼ਤੇ’ ਵਿਚਲੇ ਵਿਸ਼ਿਆਂ ਦਾ ਆਲੋਚਨਾਤਮਕ ਅਧਿਐਨ

**ਹਰਪ੍ਰੀਤ ਕੌਰ (Harpreet Kaur)**
ਖੋਜਾਰਥੀ, ਪੰਜਾਬੀ ਸਾਹਿਤ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
E-Mail: hpralla@gmail.com ਮੋਬਾਈਲ: +91-8146963075

**ABSTRACT**

*ਵਰਿਆਮ ਮਸਤ ਨਾਟਕ ਦੀ ਵਿਧਾ ਨਾਲ ਸੰਬੰਧਿਤ ਇਕ ਅਹਿਮ ਨਾਮ ਹੈ, ਜਿਸ ਨੇ ਆਪਣੇ ਨਾਟਕਾਂ ਵਿਚ ਸਮਾਜ ਵਿਚਲੀਆਂ ਵਿਭਿੰਨ ਸਮੱਸਿਆਵਾਂ ਆਧਾਰ ਬਣਾਇਆ ਹੈ। ਕੁਝ ਇਸੇ ਤਰ੍ਹਾਂ ਵਰਿਆਮ ਮਸਤ ਨੇ ਨਾਟਕ ‘ਰਿਸ਼ਤੇ’ ਵਿਚ ਵੀ ਸਮਕਾਲੀ ਸਮੇਂ ਰਿਸ਼ਤਿਆਂ ਦੇ ਹੋ ਰਹੇ ਘਾਣ ਤੇ ਹੋਰ ਉਭਰ ਕੇ ਸਾਹਮਣੇ ਆ ਰਹੀਆਂ ਸਮੱਸਿਆ ਨੂੰ ਵਿਸ਼ੇ ਦੇ ਤੌਰ ਤੇ ਲਿਆ ਹੈ, ਜਿਨ੍ਹਾਂ ਵਿਚਲੇ ਦੁਖਾਂਤ ਨੇ ਮਨੁੱਖ ਨੂੰ ਅੰਦਰੋਂ ਝੰਜੋੜ ਕੇ ਰੱਖ ਦਿੱਤਾ ਹੈ। ਨਾਟਕ ‘ਰਿਸ਼ਤੇ’ ਵਿਚ ਵਰਿਆਮ ਮਸਤ ਨੇ ਸਰਬਕਾਲੀ ਵਿਸ਼ਿਆਂ ਨੂੰ ਛੂਹਿਆ ਹੈ। ਨਾਟਕਕਾਰ ਨੇ ਨਾਟਕ ਕਲਮਬੱਧ ਕਰਨ ਤੋਂ ਪਹਿਲਾਂ ਮੰਚ ਉੱਤੇ ਵੱਖ-ਵੱਖ ਕਲਾਤਮਕ ਜੁਗਤਾਂ ਦੀ ਵਰਤੋਂ ਨਾਲ ਸਫਲਤਾ ਸਾਹਿਤ ਪ੍ਰਸਤੁਤ ਕੀਤਾ ਹੈ।*

**<u>ਕੀਵਰਡ</u>: ਵਰਿਆਮ ਮਸਤ, ਨਾਟਕ, ਵਿਸ਼ਾ-ਵਸਤੂ, ਆਲੋਚਨਾ**

## ਖੋਜ ਪੇਪਰ

ਆਧੁਨਿਕ **ਪੰਜਾਬੀ ਆਲੋਚਨਾ** ਦੇ ਖੇਤਰ ਵਿਚ ਵਰਤੇ ਜਾਣ ਵਾਲੇ ਸ਼ਬਦ ‘ਆਲੋਚਨਾ’ ਦੀ ਉਤਪਤੀ ‘ਲੋਚ’ ਧਾਤੂ ਤੋਂ ਹੋਈ ਮੰਨੀ ਜਾਂਦੀ ਹੈ ; ਜਿਸ ਦਾ ਅਰਥ ਹੈ ਦੇਖਣਾ, ਪਰਖਣਾ, ਜਾਨਣਾ ਅਤੇ ਮੁਲਾਂਕਣ ਕਰਨਾ ਹੈ। ਆਲੋਚਨਾ ਦਾ ਉਦੇਸ਼ ਜਿੱਥੇ ਨਿਰਖ-ਪਰਖ ਕਰਨੀ ਹੈ ਉਥੇ ਮੁਲਾਂਕਣ ਕਰਨਾ ਵੀ ਹੈ। ਲਿਖਤ ਵਿਚੋਂ ਜੋ ਨਜਰੀਂ ਪੈਂਦਾ ਹੈ, ਲਿਖਤਕਾਰ ਉਸ ਵਿਚ ਕਿਸ ਹੱਦ ਤੱਕ ਸਫਲ-ਅਸਫਲ ਹੋਇਆ ਹੈ। ਇਸ ਦਾ ਮੁਲਾਂਕਣ ਹੀ ਆਲੋਚਨਾ ਹੈ। ਵਰਿਆਮ ਮਸਤ ਦੇ ਨਾਟਕ ‘ਰਿਸ਼ਤੇ’ ਦੇ ਵਿਸ਼ਿਆਂ ਦਾ ਆਲੋਚਨਾਤਮਕ ਅਧਿਐਨ ਕਰਨ ਤੋਂ ਪਹਿਲਾਂ ਉਸਦੇ ਵਿਸ਼ੇ ਨੂੰ ਸਮਝਦੇ ਹਾਂ।

ਵਿਸ਼ਾ ਕਿਸੇ ਵੀ ਰਚਨਾ ਦਾ ਵਿਸ਼ੇਸ਼ ਅਤਿ ਜਰੂਰੀ ਅੰਗ ਹੁੰਦਾ ਹੈ। ਸਾਹਿਤਕ ਕਿਰਤ ਦੇ ਵਿਸ਼ੇ ਸੰਬੰਧੀ ਇਹ ਧਾਰਨਾ ਸਰਵ ਪ੍ਰਮਾਣਿਤ ਹੈ ਕਿ ਕੋਈ ਸਾਹਿਤਕਾਰ ਆਪਣੀ ਸਮਕਾਲੀ ਸਮਾਜਿਕ ਪ੍ਰਸਥਿਤੀਆਂ ਵਿਚੋਂ ਹੀ ਆਪਣੀ ਸਾਹਿਤਕ ਰਚਨਾ ਲਈ ਵਿਸ਼ੇ ਦੀ ਚੋਣ ਕਰਦਾ ਹੈ ਅਤੇ ਉਸਨੂੰ ਆਪਣੇ ਚਿੰਤਨ ਦੇ ਆਧਾਰ ਤੇ ਸਾਹਿਤਕ ਵਿਧਾ ਦੇ ਨਿਯਮਾਂ ਅਨੁਸਾਰ ਢਾਲਦਾ ਹੈ। ਵਰਿਆਮ ਮਸਤ ਦੇ ਨਾਟਕ ਰਿਸ਼ਤੇ ਵਿਚ ਵੱਖ-ਵੱਖ ਸਮੱਸਿਆਵਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਉਸ ਦੀ ਸਾਹਿਤਕ ਕਲਪਨਾ ਅਧੀਨ ਘਟਨਾ ਇਕ ਵਿਸ਼ੇਸ਼ ਰੂਪ ਧਾਰਨ ਕਰਕੇ ਉਸ ਦੇ ਨਾਟਕ ਦੀ ਵਸਤੂ ਸਮੱਗਰੀ ਬਣਦੀ ਹੈ। ਵਰਿਆਮ ਮਸਤ ਦੇ ਨਾਟਕ ‘ਰਿਸ਼ਤੇ’ ਦਾ ਵਿਸ਼ੇਗਤ ਆਲੋਚਨਾਤਮਕ ਅਧਿਐਨ ਕਰਦਿਆਂ ਪਰਵਾਸ ਦੀ ਸਮੱਸਿਆ, ਨਿਮਨ ਕਿਸਾਨੀ, ਨਸ਼ੇ ਦੀ ਵਰਤੋਂ, ਵਿਆਹ ਦੀ ਸਮੱਸਿਆ, ਸਭਿਆਚਾਰਕ ਵੱਖਰੇਵੇਂ, ਰਿਸ਼ਤਿਆਂ ਵਿਚ ਆ ਰਹੀ ਗਿਰਾਵਟ ਆਦਿ ਵਿਸ਼ਿਆ ਇਸ ਲਘੂ ਨਾਟਕ ਵਿਚ ਪ੍ਰੋਇਆ ਗਿਆ ਹੈ। ਜਿੰਨ੍ਹਾਂ ਬਾਰੇ ਅੱਗੇ ਚਰਚਾ ਕੀਤੀ ਗਈ ਹੈ।

### ਪਰਵਾਸ ਦੀ ਸਮੱਸਿਆ:

ਰੋਜ਼ੀ ਰੋਟੀ ਲਈ ਪਰਵਾਸ ਕਰਦੇ ਨੋਜਵਾਨਾਂ ਵੱਲੋਂ ਪੰਜਾਬੀ ਸਭਿਆਚਾਰ ਨਾਲ ਸਮਝੌਤਾ ਕਰਕੇ ਪੱਛਮੀ ਸਭਿਆਚਾਰ ਵਿਚ ਰੰਗ ਜਾਣ ਦਾ ਮਸਲਾ ਉਭਰ ਕੇ ਸਾਹਮਣੇ ਆਉਂਦਾ ਹੈ। ਇਸ ਨਾਟਕ ਦੇ ਵਿਸ਼ਿਆਂ ਅਤੇ ਮੰਚਣ ਬਾਰੇ ਵੱਖ-ਵੱਖ ਲੇਖਕਾਂ ਦੁਆਰਾ ਟਿੱਪਣੀਆਂ ਕੀਤੀਆਂ ਵੀ ਮਿਲਦੀਆਂ ਹਨ ਜਿੰਨ੍ਹਾਂ ਵਿਚੋ ਇਸ ਨਾਟਕ ਦੇ ਫਰੀਦਕੋਟ ਤੇ ਕੋਟਕਪੂਰਾ ਵਿਖੇ ਹੋਏ ਮੰਚਣ ਸੰਬੰਧੀ ਵਿਨੋਦ ਸ਼ਰਮਾ ਨੇ ਇਕ ਅਖ਼ਬਾਰੀ ਰਿਪੋਰਟ ਵਿਚਲੀ ਟਿੱਪਣੀ ਨੂੰ ਵਿਚਾਰੀਆਂ ਜਾ ਸਕਦਾ ਹੈ;

> “ਇਹ ਡਰਾਮਾ ਰਿਸ਼ਤੇ ਨਿਰੋਲ ਪੰਜਾਬੀ ਸਭਿਆਚਾਰ ਨਾਲ ਮੇਲ ਖਾਂਦੀ ਕਹਾਣੀ ਹੈ ਜਿਸ ਵਿਚ ਇਕ ਘਰ ਤੋਂ ਮਾਂ-ਪਿਉ ਆਪਣੀ ਜ਼ਮੀਨ-ਜਾਇਦਾਦ ਗਹਿਣੇ ਰੱਖ ਕੇ ਆਪਣੇ ਪੁੱਤਰ ਨੂੰ ਭਵਿੱਖ ਦੀ ਉੱਜਲ ਕਿਰਨ ਦੇ ਛਲਾਵੇ ਹੇਠ ਬਾਹਰ ਭੇਜਦੇ ਹਨ ਤੇ ਬਾਅਦ ਵਿਚ ਪੱਛਮੀ ਸਭਿਆਚਾਰ ਦੇ ਅਸਰ ਵਿਚ ਨਸ਼ਿਆਇਆ ਨੌਜਵਾਨ ਵਾਪਸ ਆ ਕੇ ਆਪਣੀ ਔਕਾਤ ਭੁਲਾ ਬੈਠਦਾ ਹੈ। ਉਸ ਨੂੰ ਉਸ ਦੇ ਭੈਣ-ਭਰਾ, ਦੋਸਤ-ਮਿੱਤਰ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਪਰ ਉਹ ਬਜ਼ਿਦ ਹੈ।”

### ਨਿਮਨ ਕਿਸਾਨੀ ਦੀ ਸਮੱਸਿਆ:

ਆਰਥਿਕ ਪੱਖੋਂ ਪੱਛੜੇ ਛੋਟੇ ਕਿਸਾਨ ਮਜ਼ਬੂਰੀਆਂ ਵੱਸ ਆਪਣੀ ਥੋੜੀ ਬਹੁਤ ਭੁਇ ਗਹਿਣੇ ਰੱਖ ਕੇ ਆਪਣੇ ਅਤੇ ਆਪਣੇ ਬੱਚਿਆਂ ਦੇ ਸੁਨਹਿਰੇ ਭਵਿੱਖ ਲਈ ਵਿਦੇਸ਼ ਭੇਜ ਦੇ ਹਨ ਤਾਂ ਜੋ ਆਰਥਿਕ ਪੱਖ ਮਜ਼ਬੂਤ ਹੋ ਸਕਣ। ਰਿਸ਼ਤੇ ਨਾਟਕ ਵਿਚ ਨਿਮਨ ਕਿਸਾਨੀ ਸੰਬੰਧੀ ਸੁਰਿੰਦਰ ਕੁਮਾਰ ਦਵੇਸ਼ਵਰ ਦੀ ਟਿੱਪਣੀ ਵੀ ਵਿਚਾਰਨਯੋਗ ਹੈ ਕਿ ਇਸ ਦੀ “ਸਮੱਸਿਆ ਛੋਟੀ ਕਿਸਾਨੀ ਦੀ ਮਾੜੀ ਆਰਥਿਕਤਾ ਦੁਆਲੇ ਕੇਂਦਰਿਤ ਹੈ। ਬਿਲਕੁਲ ਸਹੀ ਹੈ। ਆਰਥਿਕ ਮੰਦਹਾਲੀ ਕਰਕੇ ਪਰਵਾਸ, ਰਿਸਤਿਆਂ ਨੂੰ ਘੁਣ ਵਾਂਗ ਖਾ ਰਿਹਾ ਹੈ, ਇਸ ਦੀ ਪੇਸ਼ਕਾਰੀ ਨਾਟਕ ਦੀ ਪ੍ਰਮੁੱਖ ਵਿਸ਼ੇਸ਼ਤਾ ਮੰਨੀ ਜਾ ਸਕਦੀ ਹੈ।” ਕੁਝ ਇਸੇ ਹੀ ਤਰ੍ਹਾਂ ਦਾ ਵਰਿਆਮ ਮਸਤ ਦੇ ਨਾਟਕ ਰਿਸ਼ਤੇ ਵਿਚ ਵਾਪਰਦਾ ਹੈ। ਜਦੋਂ ਨਾਟਕ ਦਾ ਮੁੱਖ ਪਾਤਰ ਬੰਤਾ ਸਿੰਘ ਆਪਣੇ ਪੁੱਤਰ ਪੀਤੇ ਨੂੰ ਜ਼ਮੀਨ ਗਹਿਣੇ ਰੱਖ ਕੇ ਅਮਰੀਕਾ ਇਸੇ ਆਸ ਤੇ ਭੇਜਦਾ ਹੈ ਕਿ ਉਹ ਆ ਕੇ ਉਸ ਦਾ ਕਰਜਾ ਲਾਹੇਗਾ ਪਰ ਨਾਟਕ ਵਿਚ ਵਾਪਰਦਾ ਉਲਟ ਹੈ;

ਬੰਤਾ ਸਿੰਘ : ਆਹੋ ਪੁੱਤ ਫਸਲ ਚੰਗੀ ਹੋਵੇ ਤਾਂ ਜੱਟ ਦੇ ਵਾਰੇ ਨਿਆਰੇ ਹੋ ਜਾਂਦੈ ਐ। ਕਿਸ ਦੇ ਪੈਸੇ ਉਤਰਨਗੇ। ਮੈਨੂੰ ਤਾਂ ਕਾਲਿਆ ਦਿਨ ਰਾਤ ਝੋਰਾ ਮਾਰੀ ਜਾਂਦੈ ਪਤਾ ਨਹੀਂ ਇਹ ਗਹਿਣੇ ਪਈ ਜ਼ਮੀਨ ਕਦੋਂ ਛੁੱਟੂ ?

ਕਾਲਾ : ਕਾਹਤੋਂ ਝੂਰਦੈਂ ਬਾਪੂ।

ਬੰਤਾ ਸਿੰਘ : ਝੂਰਾ ਨਾ ਤੇ ਹੋਰ ਕੀ ਕਰਾਂ? ਤੂੰ ਉਦੋਂ ਛੋਟਾ ਸੀ, ਜ਼ਮੀਨ ਗਹਿਣੇ ਰੱਖ ਕੇ ਪੈਸਾ ਲੈ ਕੇ ਭੇਜਿਆ ਅਮਰੀਕਾ ਤੇ ਉਸ ਪਤੰਦਰ ਨੇ ਭੇਜੀ ਨਾ ਸਾਨੂੰ ਕੌਡੀ। ਤੇ ਤੂੰ ਕੱਲ੍ਹਾ ਕਾਲੇ ਬਲਦ ਵਾਂਗ ਕਮਾਉਂਦਾ ਰਿਹਾ। ਦੁੱਖ ਝੱਲਦਾ ਰਿਹਾ। ਅੱਜ ਕੱਲ੍ਹ ਛੋਟੇ ਮੋਟੇ ਜੱਟ ਦੀ ਕਾਹਦੀ ਜੂਨ ਐ ਪੁੱਤਾਂ, ਬਾਹਰੋਂ ਦੇਖਣ ਨੂੰ ਲਗਦੇ ਅੰਦਰੋਂ ਸਭ ਖੋਖਲੇ ਐ।"

ਉਪਰੋਕਤ ਨਾਟਕ ਦਾ ਮੁਖ ਪਾਤਰ ਤੇ ਉਸ ਦੇ ਛੋਟੇ ਪੁੱਤਰ ਵਿਚਲੀ ਵਾਰਤਾਲਾਪ ਤੋਂ ਸਪੱਸ਼ਟ ਹੁੰਦਾ ਹੈ ਕਿ ਨਿਮਨ ਕਿਸਾਨ ਬਾਹਰੋਂ ਬੇਸ਼ੱਕ ਖੁਸ਼ਹਾਲ ਨਜ਼ਰ ਆਉਣ ਦਾ ਦਿਖਾਵਾ ਕਰਦਾ ਹੈ ਪਰ ਆਰਥਿਕ ਪੱਖੋਂ ਕਰਜੇ ਵਿਚ ਪੂਰੀ ਤਰ੍ਹਾਂ ਡੁੱਬਿਆ ਹੋਣ ਕਰਕੇ ਉਹ ਆਪਣੇ ਵਿਦੇਸ਼ ਗਏ ਪੁੱਤ ਦੇ ਵਾਪਸ ਆ ਕੇ ਕਰਜਾ ਉਤਾਰਨ ਦੀ ਆਸ ਲਾਈ ਬੈਠਾ ਹੈ।

ਨਾਟਕ ਦੇ ਅਧਿਐਨ ਕਰਨ ਤੋਂ ਪਤਾ ਲੱਗਦਾ ਹੈ ਕਿ ਇਸ ਵਿਚ ਮੁਖ ਵਿਸ਼ੇ ਦੇ ਨਾਲ-ਨਾਲ ਹੋਰ ਉਪ ਵਿਸ਼ੇ ਵੀ ਸਮਾਏ ਹੋਏ ਹਨ ਜਿਵੇਂ ਵਿਆਹ ਦੀ ਸਮੱਸਿਆ, ਨਸੇ ਦੀ ਵਰਤੋਂ  ਦੀ ਵਰਤੋਂ ,ਭਾਈਚਾਰਕ ਸਾਂਝ ਤੇ ਸਭਿਆਚਾਰਕ ਵੱਖਰੇਵਾਂ ਆਦਿ।

**ਨਸੇ ਦੀ ਵਰਤੋਂ** :

ਨਾਟਕ ਵਿਚ ਥਾਂ-ਥਾਂ ਹਵਾਲੇ ਮਿਲਦੇ ਹਨ ਜਿਵੇਂ ਪ੍ਰੇਮੀ ਕੈਲੇ ਦੇ ਨਸੇ ਵਿਚ ਧੁੱਤ ਹੋਣ ਸੰਬੰਧੀ ਆਖਦੀ ਹੈ;

ਪ੍ਰੇਮੀ: ਟੁੱਟ ਪੈਣਿਆਂ ਪਰ੍ਹੇ ਮਰ, ਦਿਨੇ ਟੱਲੀ ਹੋਇਆ ਫਿਰਦੈਂ।

ਕੈਲਾ: ਦਿਨੇ ?ਅੱਛਾ-ਅੱਛਾ ਹੁਣ ਦਿਨ ਐ? ਮੈਂ ਤਾਂ ਰਾਤ ਹੀ ਸਮਝਦਾ ਸੀ।

ਪ੍ਰੇਮੀ: ਤੇ ਆਹ ਘੋੜੇ ਤੇ ਸਵਾਰ ਹੋਇਐਂ। ਨਸ਼ੇੜੀ ਬਣਾਤਾ ਪਿੰਡ, ਇਸ ਚੰਦਰੇ ਨਸ਼ੇ ਤੋਂ ਪਤਾ ਨਹੀਂ ਕਦੋਂ ਪਿੱਛਾ ਛੁੱਟੂ।

ਕਿਵੇਂ ਕੋਈ ਵੀ ਵਿਅਕਤੀ ਆਪਣੀਆਂ ਸਮੱਸਿਆਵਾਂ ਦੁੱਖ ਨੂੰ ਭੁਲਾਉਣ ਲਈ ਨਸੇ ਦਾ ਸਹਾਰਾ ਲੈਂਦਾ ਹੈ। ਇਸ ਤਰ੍ਹਾਂ ਨਸੇ ਦੀ ਵਰਤੋਂ ਸੰਬੰਧੀ ਹੋਰ ਵੀ ਹਵਾਲੇ ਮਿਲਦੇ ਹਨ।

**ਵਿਆਹ ਦੀ ਸਮੱਸਿਆ**:

ਜ਼ਮੀਨਾਂ ਨਾ ਹੋਣੀਆਂ ਜਾਂ ਘੱਟ ਹੋਣ ਕਰਕੇ ਵਿਆਹ ਨਾ ਹੋਣਾ ਨਿਮਨ ਕਿਸਾਨੀ ਦੀ ਇਕ ਮੁਖ ਸਮੱਸਿਆ ਹੈ। ਇਸ ਤੋ ਬਿਨ੍ਹਾਂ ਛੋਟੀ ਉਮਰੇ ਮੰਗੇ ਜਾਣ ਤੇ ਆਪਣੀ ਮੰਗ ਦੇ ਛੁੱਟ ਜਾਣ ਜਾਂ ਕਿਸੇ ਕਾਰਨ ਕਿਸੇ ਦੂਜੇ ਨੂੰ ਵਿਆਹੇ ਜਾਣ ਦਾ ਗੁੱਸਾ ਨਾਟਕ ਵਿਚ ਬੜੇ ਵਿਅੰਗਮਈ ਢੰਗ ਨਾਲ ਪੇਸ਼ ਕੀਤਾ ਗਿਆ ਹੈ;

ਕੈਲਾ: ਸੌਂਹ ਗਊ ਦੀ ਏਦਾਂ ਹੀ ਗਰਕ ਜਾਂ ਜੇ ਝੂਠ ਬੋਲਾਂ। ਲੈ ਮੇਰਾ ਵਿਆਹ ਨਾ ਹੋਵੇ।

ਪ੍ਰੇਮੀ: ਨਾ ਅੱਗੇ ਤਾਂ ਤੇਰੇ ਘਰੇ ਰੰਨਾਂ ਬੈਠੀਆਂ ਨੇ। ਮੂੰਹ ਤਾਂ ਦੇਖ ਜਿਵੇਂ ਆਟੇ ਵਾਲੇ ਭੜੋਲੇ ਚੋਂ ਚੂਹਾ ਨਿਕਲਿਆ ਹੋਵੇ।

**ਸਭਿਆਚਾਰਕ ਵੱਖਰੇਵਾਂ**:

ਨਾਟਕ ਵਿਚ ਦੋ ਸਭਿਆਚਾਰਾਂ ਵਿਚਲੀ ਵੱਖਰਤਾ ਦੇਖਣ ਨੂੰ ਮਿਲਦੀ ਹੈ ਜਦੋਂ ਅਮਰੀਕਾ ਦੇ ਖੁੱਲ੍ਹੇ ਮਾਹੌਲ ਵਿਚ ਵਿਚਰਿਆਂ ਪੀਤਾ ਆਪਣੀ ਭਰਜਾਈ ਮਨਿੰਦਰ ਦੇ ਘੁੰਡ ਕੱਢਣ ਦੇ ਰਿਵਾਜ ਨੂੰ ਪੁਰਾਣਾ ਮੰਨਦਿਆਂ ਉਸ ਤੇ ਟੀਕਾ-ਟਿੱਪਣੀ ਕਰਦਾ ਹੈ ਤੇ ਉਸ ਨੂੰ ਘੁੰਡ ਚੁੱਕਣ ਤੇ ਸੌ ਰੁਪਏ ਦੀ ਪੇਸ਼ਕਸ਼ ਕਰਦਾ ਹੈ। ਮਨਿੰਦਰ ਪੀਤੇ ਦੀ ਬੁਰੀ ਨੀਯਤ ਨੂੰ ਭਾਂਪ ਗਈ ਸੀ, ਉਸ ਦਾ ਪੀਤੇ ਨੂੰ ਗੁੱਸੇ ਭਰੀਆਂ ਨਜ਼ਰਾਂ ਨਾਲ ਵੇਖਣਾ ਟੁੱਟਦੇ ਮੁੱਲਾਂ ਕਾਰਨ ਸਹਿਕਦੇ ਰਿਸ਼ਤਿਆਂ ਨੂੰ ਪ੍ਰਤਿਬਿੰਬਤ ਕਰਦਾ ਹੈ। ਦੂਜੇ ਦ੍ਰਿਸ਼ ਦੇ ਆਖੀਰ ਵਿਚ ਦਿੱਤਾ ਗੀਤ ਵੀ ਇਸੇ ਨੂੰ ਸੰਬੋਧਨ ਕਰਦਾ ਹੈ;

"ਦੋ ਅੱਖਾਂ ਦੇ ਪਾਸੇ ਮੱਚੀਆਂ, ਤਨ ਮਨ ਨੂੰ ਪਈ ਅੱਗ ਲੱਗੀ
ਪੈਰਾਂ ਹੇਠੋਂ ਮਿੱਟੀ ਨਿਕਲੀ ਐਸੀ ਰੋਹ ਦੀ ਵਾਅ ਦੀ ਵੱਗੀ
ਰੰਗਤ ਦੋਵਾਂ ਦੇ ਮੁੱਖ ਤੇ ਲੋਕੋ, ਇਕ ਆਵੇ ਤੇ ਦੂਜੀ ਜਾਵੇ
ਰਿਸਤਿਆਂ ਦਾ ਕੀ ਤੂੰ ਮੋਹ ਰਚਾਇਆ,
ਸਾਨੂੰ ਰਤਾ ਸਮਝ ਨਾ ਆਵੇ।"

ਉਪਰੋਕਤ ਗੀਤ ਦੀਆਂ ਸਤਰਾਂ ਵਿਚਲਾ ਟਕਰਾ ਨਾਟਕ ਦੇ ਅੰਦਰੂਨੀ ਸੰਕਟ ਨੂੰ ਅੱਗੇ ਲਿਆਉਣ ਵਿਚ ਸਹਾਈ ਹੁੰਦਾ ਹੈ। ਅਸਲ ਵਿਚ ਮਨਿੰਦਰ ਪੀਤੇ ਦੀ ਮੰਗ ਸੀ ਜੋ ਕਿ ਬੰਤਾ ਸਿੰਘ ਦੇ ਪੱਗ ਵਟ ਭਰਾਵਾਂ ਵਰਗੇ ਦੋਸਤ ਦੀ ਧੀ ਹੈ ਜਿਸ ਨੂੰ ਉਸ ਨੇ ਜ਼ੁਬਾਨ ਦੇ ਚੁੱਕਿਆ ਸੀ ਪਰ ਪੀਤੇ ਦੇ ਕਾਫੀ ਲੰਮਾ ਸਮਾਂ  ਵਾਪਸ ਨਾ ਆਉਣ ਕਰਕੇ ਉਸ ਨੇ ਆਪਣੇ ਛੋਟੇ ਪੁੱਤਰ ਕਾਲੇ ਨਾਲ ਵਿਆਹ ਕੇ ਆਪਣੇ ਵਚਨ ਦੀ ਪੂਰਤੀ ਕੀਤੀ ਇਸ ਗੱਲ ਦਾ ਵੀ ਪੀਤੇ ਨੂੰ ਇਤਰਾਜ਼ ਸੀ।

**ਰਿਸਤਿਆਂ ਨਾਲੋਂ ਡਾਲਰਾਂ/ਪੈਸਿਆਂ ਅਹਿਮੀਅਤ ਦੇਣਾ** :

ਨਾਟਕ ਵਿਚ ਸਥਿਤੀ ਉਸ ਸਮੇਂ ਹੋਰ ਵੀ ਤਣਾਉ ਪੂਰਨ ਹੋ ਜਾਂਦੀ ਹੈ ਜਦ ਪੀਤਾ ਵਿਦੇਸ਼ੋਂ ਵਾਪਸ ਆਉਂਦਾ ਹੈ, ਡਾਲਰਾਂ ਦੀ ਆਸ ਲਾਈ ਬੈਠੇ ਬੰਤਾ ਸਿੰਘ ਨੂੰ ਅੱਗੋਂ ਕੋਰਾ ਜਵਾਬ ਦਿੰਦਾ ਹੈ ਤਾਂ ਉਸ ਦੀ ਸਾਰੀ ਯੋਜਨਾ ਧਰੀ-ਧਰਾਈ ਰਹਿ ਜਾਂਦੀ ਹੈ, ਜਦੋਂ ਬੰਤਾ ਸਿੰਘ ਉਸ ਤੋਂ ਗਹਿਣੇ ਪਈ ਜ਼ਮੀਨ ਛੁਡਵਾਉਣ ਲਈ ਪੈਸੇ ਦੀ ਮੰਗ ਕਰਦਾ ਹੈ ਤੇ ਪੀਤਾ ਉਸ ਨੂੰ ਪੈਸੇ ਦੇਣ ਦੀ ਬਜਾਇ ਉਸ ਕੋਲੋਂ ਘਰ ਵਿਚ ਬਣਦੇ ਹਿੱਸੇ ਦੀ ਮੰਗ ਕਰਦਾ ਹੈ;

"ਪੈਸੇ? ਮੇਰੇ ਕੋਲ ਤਾਂ ਕਾਣੀ ਕੋਡੀ ਨੀ, ਅਮਰੀਕਾ ਚ ਲੋਕ ਡਾਲਰਾਂ ਨੂੰ ਧੀਆਂ ਪੁੱਤਾਂ ਨਾਲੋਂ ਵੱਧ ਪਿਆਰ ਕਰਦੇ ਨੇ। ਤੇ ਜ਼ਮੀਨ ਮੇਰੀ ਧੀ-ਪੁੱਤ ਨਹੀਂ। ਮੈਂ ਕੀ ਕਰਨਾ ਏਹਨੂੰ। ਮੇਰਾ ਜੋ ਬਣਦਾ ਇਸ ਘਰ ਚੋ ਹਿੱਸਾ ਦਿਉ।"

ਉਪਰੋਕਤ ਵਾਰਤਾਲਾਪ ਵਿਚ ਪੀਤਾ ਆਪਣੇ ਪਿਤਾ ਨੂੰ ਡਾਲਰਾਂ ਦੀ ਅਹਿਮੀਅਤ ਦਾ ਪਾਠ ਪੜ੍ਹਾਉਣ ਲੱਗਦਾ ਹੈ। ਇਸ ਵਿਚੋਂ ਦੋ

ਸਭਿਆਚਾਰ ਦੀ ਵਿਚਾਰਧਾਰਾ ਵਿਚਲੇ ਵੱਖਰੇਵੇ ਵੀ ਸਪੱਸ਼ਟ ਹੁੰਦਾ ਹੈ। ਬੰਤਾ ਸਿੰਘ ਵੱਲੋਂ ਜ਼ਮੀਨ ਗਹਿਣੇ ਰੱਖ ਕੇ ਜੋ ਕਰਜਾ ਲੈ ਕੇ ਪੁੱਤ ਨੂੰ ਵਿਦੇਸ਼ ਭੇਜਿਆ ਸੀ। ਉਹ ਹੁਣ ਗਹਿਣੇ ਪਈ ਜ਼ਮੀਨ ਛੁਡਵਾਉਣ ਦੀ ਜਗ੍ਹਾ ਘਰ ਵਿਚੋਂ ਹਿੱਸੇ ਦੀ ਮੰਗ ਕਰਦਾ ਹੈ। ਪੀਤਾ ਆਪਣੇ ਪਿਤਾ ਦੀ ਆਖਰੀ ਉਮੀਦ ਦੀ ਕਿਰਨ ਸੀ ਜੋ ਟੁੱਟ ਗਈ ਜਦੋਂ ਉਹ ਨਾਤਾ ਤੋੜਨ ਦੇ ਅੰਦਾਜ਼ ਵਿਚ ਆਖਦਾ ਹੈ ਕਿ ਮੇਰੇ ਪੱਲੇ ਤਾਂ ਕੁਝ ਨਹੀਂ;

> "ਸਵਾਹ ਤੇ ਖੇਹ ਲੈ ਕੇ ਆਇਆ ਲੋਕ ਸੁਪਨੇ ਲੈਂਦੇ ਨੇ ਕਿ ਅਮਰੀਕਾ ਸੋਨੇ ਦੇ ਡਲੇ ਨੇ, ਸੋਨੇ ਦੀਆਂ ਖਾਣਾ ਨੇ। ਨਾਲੇ ਨੇ, ਸੋਨੇ ਦੀਆਂ ਖਾਣਾ ਨੇ। ਸਾਡਾ ਤਾਂ ਦਾਲ ਫੁਲਕਾ ਨੀ ਚਲਦਾ। ਨਾਲੇ ਮੈਂ ਨੀ ਮੁੜ ਕੇ ਆਉਣਾ, ਇਸ ਲਈ ਮੇਰਾ ਫੈਸਲਾ ਕਰ ਦਿਉ।"

ਪੀਤੇ ਦੇ ਉਪਰੋਕਤ ਸ਼ਬਦ ਸੁਣ ਕੇ ਬੰਤੇ ਤੇ ਪ੍ਰੇਮੀ ਦੀਆਂ ਭਵਿੱਖ ਲਈ ਲਾਈਆਂ ਆਸਾਂ ਦਾ ਮਹਿਲ ਢਹਿ-ਢੇਰੀ ਹੋ ਜਾਂਦਾ ਹੈ। ਪੈਸੇ ਨੂੰ ਹੀ ਸਭ ਕੁਝ ਮੰਨਣ ਵਾਲਾ ਪੀਤਾ ਆਪਣੇ ਮਾਤਾ-ਪਿਤਾ ਨੂੰ ਵੀ ਸਭ ਕੁਝ ਵੇਚ ਵੱਟ ਕੇ ਚਲਣ ਦੀ ਨਸੀਹਤ ਦਿੰਦਾ ਹੈ;

> "ਜਦ ਮੈਂ ਅਮਰੀਕਾ ਸਾਂ, ਮੈਨੂੰ ਪਿੰਡ ਦੀ ਯਾਦ ਆਉਂਦੀ। ਜਦ ਮੈਂ ਆਇਆ ਮੇਰਾ ਸੁਪਨਾ ਟੁੱਟ ਗਿਆ। ਲੋਕਾਂ ਦੇ ਚਿਹਰੇ ਦੇਖ ਕੇ, ਚਹੁੰ ਪਾਸੇ ਮਰਨ ਮਰਾਨ ਦੀਆਂ ਖ਼ਬਰਾਂ ਸਹਿਮੇ, ਹੋਏ ਲੋਕ। ਸ਼ਾਮ ਵੇਲੇ ਗੁਹਾਰਿਆ ਵਿਚੋਂ ਉਡਦਾ ਧੂੰਆਂ ਨਜਰੀਂ ਪੈਂਦਾ। ਮੇਰਾ ਨਹੀਂ ਰਹਿਣ ਨੂੰ ਇਥੇ ਜੀ ਕਰਦਾ। ਸਗੋਂ ਤੁਸੀਂ ਪਿੰਡ ਛੱਤ ਕੇ ਉਪਰ ਆ ਜਾਉ ਪਤਾ ਨਹੀਂ ਕਦੋਂ ਏਤੇ ਸਾਂਤੀ ਹੋਊ?"

ਪ੍ਰੇਮੀ ਆਪਣੇ ਵਤਨ ਦੀ ਮਿੱਟੀ ਦੇ ਮੋਹ ਨੂੰ ਗਲ ਲਾਉਂਦੀ ਹੋਈ ਪੀਤੇ ਦੀ ਇਸ ਤਜਵੀਜ਼ ਨੂੰ ਮੂਲੋਂ ਹੀ ਨਕਾਰ ਦਿੰਦੀ ਹੈ।ਉਹ ਆਪਣੇ ਜਨਮ-ਮਰਨ ਲਈ ਆਪਣੀ ਹੀ ਮਿੱਟੀ ਨੂੰ ਤਰਜੀਹ ਦਿੰਦੀ ਹੈ। ਮਨਿੰਦਰ ਪੀਤੇ ਨੂੰ ਆਪਣੇ ਮਾਤਾ-ਪਿਉ ਨਾਲ ਸਲੀਕੇ ਨਾਲ ਪੇਸ਼ ਆਉਣ ਲਈ ਆਖਦੀ ਹੈ ਤਾਂ ਪੀਤਾ ਉਲਟਾ ਉਸ ਨਾਲ ਹੀ ਬੇਹੂਦਗੀ ਨਾਲ ਗੱਲ ਕਰਨ ਤੇ ਹੱਥ ਚੁੱਕਣ ਦੀ ਕੋਸ਼ਿਸ਼ ਕਰਦਾ ਹੈ, ਪੀਤੇ ਦੀ ਇਸ ਹਰਕਤ ਨੂੰ ਨਾ ਸਹਾਰਦਿਆਂ ਕਾਲੇ ਨੇ ਕੁਹਾੜਾ ਚੁੱਕ ਕੇ ਪੀਤੇ ਤੇ ਵਾਰ ਕਰਨ ਲਈ ਦੌੜਦਾ ਹੈ।

**ਭਾਈਚਾਰਕ ਸਾਂਝ :**

ਨਾਟਕ ਵਿਚਲੇ ਰਿਸਤਿਆਂ ਵਿਚ ਆਈ ਕੜਵਾਹਟ ਦੇ ਬਾਵਜੂਦ ਭਾਈਚਾਰਕ ਸਾਂਝ ਬਰਕਰਾਰ ਹੋਣ ਸੰਬੰਧੀ ਉਸ ਸਮੇਂ ਉਭਰਕੇ ਸਾਹਮਣੇ ਜਦੋਂ ਸੁੰਦਰ ਬਾਈਏ ਨੇ ਕਾਲੇ ਤੇ ਪੀਤੇ ਦੀ ਆਪਸੀ ਲੜਾਈ ਨੂੰ ਰੋਕਣ ਲਈ ਪੀਤੇ ਨੂੰ ਉਸ ਦੇ ਬਣਦੇ ਪੈਸੇ 30 ਹਜ਼ਾਰ ਦੇ ਕੇ ਘਰੋਂ ਤੁਰਦਾ ਕੀਤਾ। ਪ੍ਰੇਮੀ ਨੇ ਉਸ ਨੂੰ ਰੋਕਣ ਦੀ ਅਸਫਲ ਕੋਸ਼ਿਸ਼ ਕਰਦੀ ਹੈ। ਇਥੇ ਖੂਨ ਦੇ ਰਿਸਤਿਆਂ ਦੀ ਅਨੈਤਿਕਤਾ ਦੇ ਮੁਕਾਬਲੇ ਸਮਾਜਿਕ ਭਾਈਚਾਰਕ ਦੀ ਸਾਂਝ ਵਿਚਲੀ ਨੈਤਿਕਤਾ ਹਾਵੀ ਹੋ ਜਾਂਦੀ ਹੈ। ਸੁੰਦਰ ਬਾਈਏ ਦੁਆਰਾ ਬੰਤਾ ਸਿੰਘ ਸਿਰ ਚੜ੍ਹੇ ਕਰਜੇ ਦੇ ਫਿਕਰ ਸੰਬੰਧੀ ਵਾਰਤਾਲਾਪ ਕਾਫੀ ਪ੍ਰਭਾਵਸ਼ਾਲੀ ਹਨ;

> "ਕਿਸ ਮੰਗਿਐ ਪੈਸਾ? ਤੁਸੀਂ ਸਮਝਦੇ ਹੋ ਮੈਂ ਪੈਸਿਆਂ ਦਾ ਪੀਰ ਆਂ ?ਮੈਨੂੰ ਪੈਸਾ ਨਹੀਂ ਤੁਹਾਡਾ ਸਾਥ ਚਾਹੀਦੈ। ਤੁਹਾਡਾ ਨਿੱਘ ਚਾਹੀਦੈ। ਤੁਸੀਂ ਮੇਰੇ ਆਪਣੇ ਹੋ। ਮੈਂ ਤੁਹਾਨੂੰ ਸਾਲਾਂ ਤੋਂ ਜਾਣਦੈ। ਤੁਹਾਡੇ ਨਾਲ ਮੇਰੀ ਸਾਂਝ ਹੈ। ਦੁੱਖਾਂ ਦੀ ਸਾਂਝ, ਸੁੱਖਾਂ ਦੀ ਸਾਂਝ ਮੈਂ ਇਹ ਸਾਂਝ ਨਹੀਂ ਟੁੱਟਣ ਦੇਵਾਂਗਾ।"

ਅਖੀਰ ਸੁੰਦਰ ਬਾਈਏ ਦੁਆਰਾ ਵਹੀ ਪਾੜ ਕੇ ਸੁੱਟਣ ਦੇ ਦ੍ਰਿਸ਼ ਤੋਂ ਸਾਰੇ ਹੈਰਾਨ ਨਜ਼ਰ ਆਉਂਦੇ ਹਨ। ਇਥੇ ਇਕ ਵਾਰ ਫਿਰ ਵਰਿਆਮ ਮਸਤ ਨਾਟਕ ਵਿਚ ਸਥਾਪਿਤ ਪਰੰਪਰਾਵਾਂ ਦੇ ਉਲਟ ਜੁਗਤ ਵਰਤ ਕੇ ਸਫਲਤਾ ਹਾਸਲ ਕੀਤੀ ਹੈ।

**ਆਧੁਨਿਕ ਸਮੇਂ ਵਿਚ ਔਰਤ ਦੀ ਸਥਿਤੀ ਵਿਚ ਪਰਿਵਰਤਨ**:

ਨਾਟਕ ਵਿਚ ਮਨਿੰਦਰ ਪੜ੍ਹੀ-ਲਿਖੀ, ਨੌਕਰੀ ਪੇਸ਼ਾ ਤੇ ਸੂਝਵਾਨ ਔਰਤ ਹੈ। ਉਸ ਦੁਆਰਾ ਸਹੁਰਾ ਪਰਿਵਾਰ ਨੂੰ ਪੁੱਤਾਂ ਵਾਂਗ ਸਹਾਰਾ ਲਾਉਣ ਤੇ ਨੂੰਹ ਸਹੁਰੇ ਦੇ ਰਿਸ਼ਤੇ ਵਿਚਲੀ ਕੁੜੱਤਣ ਉੱਤੇ ਵਿਸ਼ਰਾਮ ਚਿੰਨ੍ਹ ਲਗਾਇਆ ਗਿਆ ਹੈ। ਬੰਤਾ ਸਿੰਘ ਦਾ ਪੁੱਤ ਜਦ ਪੈਸੇ ਲੈ ਕੇ ਵਾਪਸ ਚਲਾ ਜਾਂਦਾ ਹੈ ਤਾਂ ਸਮੇਂ ਮਨਿੰਦਰ ਕਰਜਾ ਉਤਾਰਨ ਤੇ ਗਹਿਣੇ ਪਈ ਜ਼ਮੀਨ ਛੁਡਵਾਉਣ ਦੀ ਜ਼ਿੰਮੇਵਾਰੀ ਲੈਂਦੀ ਹੈ ਤੇ ਆਪਣੀਆਂ ਲੋੜਾਂ ਨਾਲ ਸਮਝੌਤਾ ਕਰਦੀ ਹੋਈ ਆਪਣੇ ਸਾਇਕਲ ਲਈ ਜੋੜਿਆ ਹਜ਼ਾਰ ਰੁਪਇਆ ਆਪਣੀ ਸੱਸ ਨੂੰ ਦਿੰਦੀ ਹੋਈ ਆਖਦੀ ਹੈ;

> "ਕੋਈ ਗੱਲ ਨੀ ਬੇਬੇ ਜੀ ਸਾਇਕਲ ਬਾਅਦ ਚ ਲੈ ਲਵਾਂਗੀ। ਜੀਵਨ ਉਮੀਦ ਤੇ ਤਾਂ ਚਲਦਾ ਹੈ। ਅਸੀਂ ਸਾਰੇ ਕਿਸੇ ਨਾ ਕਿਸੇ ਉਮੀਦ ਤੇ ਜਿਉਂਦੇ ਹਾਂ। ਮੈਂ ਪੈਸਾ-ਪੈਸਾ ਜੋੜ ਕੇ ਕਰਜਾ ਲਾਹਾਵਾਂਗੀ ਤੇ ਇਕ ਦਿਨ ਜ਼ਮੀਨ ਵਾਪਸ ਲਵਾਂਗੀ। ਇਹ ਧਰਤੀ ਮਾਂ ਸਾਡੀ ਹੋਵੇਗੀ। ਅਸੀਂ ਏਸ ਤੇ ਉਡਾਰੀਆਂ ਮਾਰਾਂਗੇ। ਸਾਹ ਲਵਾਂਗੇ।"

ਮਨਿੰਦਰ ਦੀ ਉਪਰੋਕਤ ਵਾਰਤਾਲਾਪ ਔਰਤ ਦੀ ਬਦਲਦੀ ਸਥਿਤੀ ਤੇ ਉਸ ਦੀ ਪ੍ਰਗਤੀ ਦੇ ਪ੍ਰਤੀਕ ਹਨ। ਇਸ ਤਰ੍ਹਾਂ ਮਨਿੰਦਰ ਦੇ ਕਿਰਦਾਰ ਵਰਿਆਮ ਮਸਤ ਨੇ ਅਜੋਕੀ ਔਰਤ ਦੇ ਵਿਕਾਸ ਬਾਰੇ ਪੇਸ਼ ਕੀਤਾ ਹੈ। ਵੀਹਵੀਂ ਸਦੀ ਦੇ ਅਖੀਰਲੇ ਦਹਾਕੇ ਚ ਸਾਹਮਣੇ ਆਏ ਇਸ ਨਾਟਕ ਰਾਹੀ ਨਾਰੀ ਦੀ ਇਸ ਕਲਪਿਤ ਸਥਿਤੀ ਨੂੰ ਅੱਜ ਅਸੀਂ ਜਿਉਂਦੀ-ਜਾਗਦੀ ਦੇਖ ਸਕਦੇ ਹਾਂ। ਇਹ ਨਾਟਕ ਤਰਾਸ਼ਦੀ ਤੋਂ ਸੁਖਾਂਤ ਵੱਲ ਨੂੰ ਵੱਧਦਾ ਹੈ। ਵਿਸ਼ੇਗਤ ਪੱਖ ਤੋਂ ਸਰਬਕਾਲੀ ਦਰਜਾ ਹਾਸਲ ਕਰਦਾ ਹੈ। ਰਿਸਤਿਆਂ ਵਿਚ ਆਏ ਨਿਘਾਰ ਨੂੰ ਸੰਬੋਧਿਤ ਆਖੀਰਲਾ ਗੀਤ ਇਸ ਦੇ ਸਿਰਲੇਖ ਨੂੰ ਸਾਰਥਕ ਬਣਾ ਦਿੰਦਾ ਹੈ;

> "ਦੁੱਖ, ਸੁੱਖ ਦੇ ਵਿਚ ਜੀਂਦਿਆਂ ਬੰਦਾ, ਦਿਨੇ ਰਾਤੀ ਤਰਲੇ ਪਾਵੇ।
> ਇਕ ਸੱਧਰ ਸਾਡੀ ਪੂਰੀ ਨਾ ਹੋਵੇ, ਦੂਜੀ ਬੂਹੇ ਤੇ ਆ ਜਾਵੇ।
> ਯੁਗਾਂ-.ਯੁਗਾਂ ਦੇ ਬਣੇ ਇਹ ਰਿਸ਼ਤੇ ਕਿਉਂ ਨੇ ਤਿੜਕਦੇ ਜਾਂਦੇ।

ਰੂਹ ਧਰਤ ਦੀ ਕੰਬ ਉੱਠੀ ਰੱਬਾ ਤੈਨੂੰ ਤਰਸ ਨਾ ਆਵੇ।"

**ਸੱਧਰਾਂ ਦਾ ਘਾਣ**:

ਨਾਟਕਕਾਰ ਨੇ ਨਾਟਕ ਵਿਚ ਬੰਦੇ ਦੀ ਉਸ ਸਥਿਤੀ ਨੂੰ ਪੇਸ਼ ਕੀਤਾ ਹੈ ਜਿਸ ਵਿਚ ਉਸ ਦੀਆਂ ਸੱਧਰਾਂ ਪੂਰੀਆਂ ਨਾ ਹੋਣ ਤੇ ਖਵਾਇਸ਼ਾ ਹੋਰ ਦੀਆਂ ਹੋਰ ਪੈਦਾ ਹੋਣ ਤੇ ਉਨ੍ਹਾਂ ਦੀ ਪੂਰਤੀ ਲਈ ਨਿਰੰਤਰਣ ਵਿਅਕਤੀ ਚਲਦਾ ਰਹਿੰਦਾ ਹੈ। ਇਸ ਤਰ੍ਹਾਂ ਵਰਿਆਮ ਮਸਤ ਨੇ ਨਾਟਕ ਰਿਸ਼ਤੇ ਦੁਆਰਾ ਰਿਸਤਿਆਂ ਵਿਚ ਤ੍ਰੇੜਾਂ ਪੈਣ ਨਾਲ ਧਰਤੀ ਦੀ ਰੂਹ ਤੱਕ ਕੰਬ ਜਾਂਦੀ ਹੈ। ਨਾਟਕਕਾਰ ਨੇ ਨਾਟਕ ਰਿਸ਼ਤੇ ਦਾ ਮੰਚਣ ਲੋਕਧਾਰਾਈ ਕਲਾਵਾਂ ਰਾਹੀਂ ਸਿਖਰ ਤੱਕ ਪਹੁੰਚਾਇਆ ਹੈ। ਦਰਸ਼ਨ ਸਿੰਘ ਆਸਟ ਨੇ ਇਕ ਰੀਵਿਊ ਦੁਆਰਾ ਇਸ ਨਾਟਕ ਉਪਰ ਟਿੱਪਣੀ ਕਰਦਿਆਂ ਲਿਖਿਆਂ ਹੈ;

> "ਨਾਟਕ ਰਿਸ਼ਤੇ ਵਿਚ ਨਾਟਕਕਾਰ ਨੇ ਡਾਲਰਾਂ ਦੀ ਅੰਨੀ ਦੌੜ ਪਿੱਛੇ ਲੱਗੀ ਨੌਜਵਾਨ, ਪੀੜ੍ਹੀ ਦੀ ਤ੍ਰਾਸਦਿਕ ਅਵਸਥਾ ਦਾ ਸੁੰਦਰ ਵਰਣਨ ਕੀਤਾ ਹੈ। ਸਮੇਂ ਦੀ ਬਦਲਦੀ ਚਾਲ ਨਾਲ ਅਤੇ ਪ੍ਰਸਥਿਤੀਆਂ ਅਨੁਸਾਰ ਮਨੁੱਖ ਦਾ ਪਰਿਵਾਰਕ, ਆਰਥਕ ਅਤੇ ਸਮਾਜਕ ਵਿਘਟਨ ਅਥਵਾ ਸੋਸਣ ਹੋ ਰਿਹਾ ਹੈ। ਇਸ ਪ੍ਰਕਾਰ ਦੀ ਤਰਸਯੋਗ ਸਥਿਤੀ ਦੀ ਤਸਵੀਰ ਹੈ ਇਹ ਨਾਟਕ... ਗਰੀਬ ਮਾਪਿਆਂ ਦੀ ਚੇਤਨਾ ਨੂੰ ਯਥਾਰਥ ਦਾ ਕੁਰੱਖ਼ਤ ਹਥੌੜਾ ਵਜਦਾ ਹੈ। ਇਸ ਪ੍ਰਕਾਰ ਅਜੋਕਾ ਮਨੁੱਖ ਬਦਲ ਰਹੀਆਂ ਪ੍ਰਸਥਿਤੀਆਂ ਕਾਰਨ ਆਪਣੇ ਲਹੂ ਨਾਲੋਂ ਵੱਖ ਹੁੰਦਾ ਜਾ ਰਿਹਾ ਹੈ।"

ਹਰਭਜਨ ਸਿੰਘ ਬਟਾਲਵੀ ਨਾਟਕ ਦੀ ਸਫਲਤਾ ਸੰਬੰਧੀ ਲਿਖਦਾ ਹੈ;

> "ਵਿਸ਼ੇ, ਪਲਾਟ, ਵਾਰਤਾਲਾਪ, ਪਾਤਰ ਉਸਾਰੀ, ਪੇਸ਼ਕਾਰੀ ਆਦਿ ਨੂੰ ਉਹ ਇਸ ਤਰ੍ਹਾਂ ਦੇ ਸਮੰਲਿਤ ਮਿਸ਼ਰਣ ਵਾਂਗ ਪੇਸ਼ ਕਰਦਾ ਹੈ ਕਿ ਉਹ (ਵਰਿਆਮ ਮਸਤ) ਦਰਸ਼ਕਾਂ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ ਅਤੇ ਆਪਣੀ ਗੱਲ ਜਾਂ ਸੁਨੇਹਾ ਵੀ ਪਹੁੰਚਦਾ ਕਰ ਜਾਂਦਾ ਹੈ।"

ਇਸ ਤਰ੍ਹਾਂ ਅਸੀਂ ਉਪਰੋਕਤ ਆਲੋਚਨਾਤਮਕ ਅਧਿਐਨ ਉਪਰੰਤ ਇਹ ਕਹਿ ਸਕਦੇ ਹਾਂ ਕਿ ਨਾਟਕ ਰਿਸ਼ਤੇ ਵਿਚ ਵਰਿਆਮ ਮਸਤ ਨੇ ਵੱਖਰੇ-ਵੱਖਰੇ ਵਿਸ਼ਿਆਂ ਨੂੰ ਛੂਹਿਆ ਹੈ ਜੋ ਕਿ ਸਰਬਕਾਲੀ ਹਨ। ਨਾਟਕਕਾਰ ਦੀ ਖ਼ੂਬੀ ਇਹ ਵੀ ਹੈ ਕਿ ਉਸ ਨੇ ਨਾਟਕ ਕਲਮਬੱਧ ਕਰਨ ਤੋਂ ਪਹਿਲਾਂ ਮੰਚ ਉੱਤੇ ਵੱਖ-ਵੱਖ ਕਲਾਤਮਕ ਜੁਗਤਾਂ ਦੀ ਵਰਤੋਂ ਨਾਲ ਸਫਲਤਾ ਸਹਿਤ ਪ੍ਰਸਤੁਤ ਕੀਤਾ ਹੈ।

**ਹਵਾਲੇ/ਟਿੱਪਣੀਆਂ**


1. https://pa.wikipedia.org/wiki/28 December 2021
2. ਮਸਤ, ਵਰਿਆਮ, **ਰਿਸ਼ਤੇ**, ਸ਼ਿਲਾਲੇਖ ਪ੍ਰਕਾਸ਼ਨ, ਦਿੱਲੀ, 2013, ਪੰਨਾ 29
3. ਉਹੀ, ਪੰਨਾ 37
4. ਉਹੀ, ਪੰਨੇ 43-44
5. ਉਹੀ, ਪੰਨਾ 47
6. ਉਹੀ, ਪੰਨਾ 52
7. ਉਹੀ, ਪੰਨਾ 53
8. ਉਹੀ, ਪੰਨਾ 54
9. ਉਹੀ, ਪੰਨਾ 55
10. ਉਹੀ, ਪੰਨਾ 58
11. ਉਹੀ, ਪੰਨਾ 58
12. ਉਹੀ, ਪੰਨਾ 59
13. ਉਹੀ, ਪੰਨਾ 32